# "ਗੁਰਬਾਣੀ ਇਸ ਜਗ ਮਹਿ ਚਾਨਣੁ" ਪ੍ਰਚਾਰ ਤੇ ਪ੍ਰਸਾਰ ਸੰਸਥਾ ਸਥਾਪਨਾ ਅਤੇ ਇਸ ਦਾ ਵਿਧਾਨ

## (ਨਿਯਮ, ਅਧਿਨਿਯਮ, ਉਦੇਸ਼)

ਪੱਤ੍ਰਿਕਾ ਦੀ ਵਧ ਰਹੀ ਮੰਗ, ਅਤੇ ਹੋਰ ਸਹਿਯੋਗੀਆਂ ਦੇ ਜੁੜਣ ਨਾਲ ਗੁਰਬਾਣੀ ਪ੍ਰਚਾਰ ਪ੍ਰਸਾਰ ਲਈ ਵਿਉਂਤਬੰਦੀ ਹੋਣੀ ਅਰੰਭ ਹੋਈ। ਆਮ ਵਿਚਾਰ ਵਟਾਂਦਰੇ ਉਪਰੰਤ ੨੫-੦੩-੧੯੯੫ ਨੂੰ ਆਮ ਸੰਗਠਨਾਤਮਕ ਇਕੱਠ (ਮੀਟਿੰਗ) ਬੁਲਾਉਣ ਦਾ ਫੈਸਲਾ ਕੀਤਾ ਗਿਆ। ਆਪਣੇ ਤੋਂ ਇਲਾਵਾ ਹੋਰ ਸੂਝਵਾਨ ਪੁਰਖਾਂ ਨੂੰ ਵੀ ਸੱਦਾ ਦਿੱਤਾ ਗਿਆ, ਖਾਸ ਕਰਕੇ ਜਿਨ੍ਹਾਂ ਕੋਲ ਪੱਤ੍ਰਿਕਾ ਪਹੁੰਚਾਈ ਜਾ ਰਹੀ ਸੀ। ਵਿਚਾਰ ਅਧੀਨ ਵਿਸ਼ੇ ਮੁੱਖ ਤੌਰ ਤੇ ਗੁਰਮਤਿ ਪ੍ਰਚਾਰ ਲਈ ਸੰਸਥਾ ਦੀ ਸਥਾਪਨਾ ਅਤੇ ਇਸ ਦਾ ਵਿਧਾਨ, ਇਸ ਦਾ ਪ੍ਰਬੰਧਕੀ ਢਾਂਚਾ ਅਤੇ ਜਿੰਮੇਵਾਰੀਆਂ, ਮਾਇਕੀ ਵਿਉਤਬੰਦੀ ਆਦਿਕ ਸੀ। ਇਸ ਮੀਟਿੰਗ ਵਿੱਚ ਹੇਠ ਲਿਖੇ ਫੈਸਲੇ ਕਰਕੇ, ਮੁੱਖ ਕੰਮਾਂ ਦੀ ਰੂਪ ਰੇਖਾ ਤਿਆਰ ਕਰ ਲਈ ਗਈ।

੧. **ਸੰਸਥਾ ਦਾ ਨਾਮ : 'ਗੁਰਬਾਣੀ ਇਸ ਜਗ ਮਹਿ ਚਾਨਣੁ'** ਪ੍ਰਚਾਰ ਤੇ ਪ੍ਰਸਾਰ ਸੰਸਥਾ ਚੰਡੀਗੜ੍ਹ ਵਿੱਚ ੦੬-੧੧-੧੯੯੫ ਨੂੰ ਰਜਿਸਟਰਡ ਨੰਬਰ ੨੪੮੨/੯੫ ਅਨੁਸਾਰ ਰਜਿਸਟਰਡ ਕਰਵਾਈ ਗਈ। ਸੰਸਥਾ ਦੇ ਮੁੱਖ ਸੇਵਾਦਾਰ (ਚੇਅਰਮੈਨ) ਭਾਈ ਸਰਦਾਰਾ ਸਿੰਘ ਜੀ ਹੀ ਰਹੇ ਅਤੇ ਹੋਰ ਸਾਰੇ ਕੰਮਾਂ, ਜਿਵੇਂ ਕਿ ਛਪਾਈ ਅਤੇ ਵਿਤਰਣ ਆਦਿਕ ਦੀਆਂ ਜਿਮੇਵਾਰੀਆਂ ਪ੍ਰਬੰਧਕੀ ਮੈਬਰਾਂ ਨੇ ਸੰਭਾਲ ਲਈਆਂ।

੨. ਇਹ ਸੰਸਥਾ ਫਿਰ ਪੰਜਾਬ ਸਰਕਾਰ ਦੇ ਰਜਿਸਟਰਾਰ ਆਫ ਸੋਸਾਇਟੀਜ਼ ਦੇ ਅਧੀਨ ਮੁਹਾਲੀ ਵਿੱਚ ਪੰਜਾਬ ਸਰਕਾਰ ਦੇ ਪੱਤਰ ਨੰਬਰ : ੪੮੫/੯੬-੯੭ ਮਿਤੀ ੧੮-੦੭-੧੯੯੬ ਅਨੁਸਾਰ ਰਜਿਸਟਰ ਕਰਵਾਈ ਗਈ ਅਤੇ ਮਾਸਿਕ ਪੱਤ੍ਰਿਕਾ ਦਾ ਨਾਮ ਬਦਲ ਕੇ **'ਗੁਰਬਾਣੀ ਚਾਨਣੁ'** ਕਰ ਦਿੱਤਾ ਗਿਆ।

੩. ਕਿਉਂਕਿ ਸੰਸਥਾ ਦਾ ਆਪਣਾ ਕੋਈ ਸਥਾਨ ਤਦ ਤੱਕ ਨਹੀਂ ਸੀ ਬਣਿਆ, ਸੰਸਥਾ ਦਾ ਛਪਾਈ ਅਤੇ ਵਿਤਰਣ ਦਾ ਸਾਰਾ ਕੰਮ ਸ. ਸਰਦਾਰਾ ਸਿੰਘ ਜੀ ਦੀ ਕੋਠੀ ਨੰ : ੨੫੪/ ਫੇਜ-੨ ਤੋਂ ਲਗਾਤਾਰ ੦੩-੦੪-੨੦੦੪ (ਲਗਭਗ ੨੧ ਸਾਲ) ਤੱਕ ਚਲਦਾ ਰਿਹਾ।

## ਸੰਸਥਾ ਦੇ ਨਿਯਮ-ਅਧਿਨਿਯਮ

੧. ਇਹ ਸੰਸਥਾ ਨਿਰੋਲ ਧਾਰਮਿਕ ਅਤੇ ਸਮਾਜਿਕ ਹੈ। ਰਾਜਨੀਤੀ ਨਾਲ ਇਸ ਸੰਸਥਾ ਦਾ ਕੋਈ ਸੰਬੰਧ ਨਹੀਂ ਹੈ। ਸਰਬ ਧਰਮਾਂ ਦਾ ਆਦਰ ਕਰਨਾ ਇਸ ਦਾ ਮੁੱਖ ਮੰਤਵ ਹੈ।

੨. ਇਸ ਸੰਸਥਾ ਨੇ ਜੋ ਆਪਣੇ ਮੰਤਵ ਅਥਵਾ ਨਿਸ਼ਾਨੇ ਮਿੱਥੇ ਹਨ ਉਨ੍ਹਾਂ ਦੀ ਪੂਰਤੀ ਲਈ ਇਹ ਕੰਮ ਕਰੇਗੀ।

੩. ਇਸ ਸੰਸਥਾ ਦਾ ਪ੍ਰਬੰਧਕੀ ਮੈਂਬਰ ਕੇਵਲ ਉਹੀ ਵਿਅਕਤੀ ਬਣ ਸਕਦਾ ਹੈ ਜੋ ਗੁਰਬਾਣੀ ਦੇ ਸਿਧਾਂਤਾਂ ਨੂੰ ਆਪ ਅਮਲ ਵਿੱਚ ਲਿਆ ਰਿਹਾ ਹੋਵੇ। ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਦਿਲਚਸਪੀ ਰੱਖਦਾ ਹੋਵੇ ਅਤੇ ਤਨ, ਮਨ ਅਤੇ ਧਨ ਰਾਹੀਂ ਸੰਸਥਾ ਵਿੱਚ ਸੇਵਾ ਕਰਨ ਦੀ ਭਾਵਨਾ ਰੱਖਦਾ ਹੋਵੇ।

੪. ਇਸ ਸੰਸਥਾ ਦਾ ਅੰਤ੍ਰਿਗ ਕਮੇਟੀ ਮੈਂਬਰ ਬਨਣ ਲਈ ਜ਼ਰੂਰੀ ਹੈ ਕਿ ਉਹ ਵਿਅਕਤੀ ਕਿਸੇ ਰਾਜਨੀਤਕ ਪਾਰਟੀ ਦਾ ਅਹੁਦੇਦਾਰ ਨਾ ਹੋਵੇ।

੫. ਸੰਸਥਾ ਦਾ ਕੋਈ ਵੀ ਅਹੁਦੇਦਾਰ ਚੋਣ-ਪ੍ਰਣਾਲੀ ਰਾਹੀਂ ਨਹੀਂ ਚੁਣਿਆ ਜਾਵੇਗਾ।

੬. ਸੰਸਥਾ ਦੇ ਹਰ ਮੈਂਬਰ ਲਈ ਕਿਸੇ ਨਿੱਜੀ ਲਾਭ ਤੋਂ ਉਪਰ ਉੱਠ ਕੇ ਨਿਸ਼ਕਾਮ ਭਾਵਨਾ ਨਾਲ ਕੰਮ ਕਰਨਾ ਲਾਜ਼ਮੀ ਹੋਵੇਗਾ। ਇਸ ਲਈ ਸੰਸਥਾ ਦਾ ਕੋਈ ਮੈਂਬਰ ਤਨਖਾਹ ਪ੍ਰਾਪਤ ਅਹੁਦੇਦਾਰ ਵੱਜੋਂ ਕੰਮ ਨਹੀਂ ਕਰੇਗਾ, ਸਿਵਾਏ ਸੰਸਥਾ ਦੇ ਲਈ ਕੰਮ ਕਰ ਰਹੇ ਕਰਮਚਾਰੀਆਂ ਦੇ।

੭. ਸੰਸਥਾ ਦੀ ਚੱਲ ਅਤੇ ਅਚੱਲ ਸੰਪਤੀ ਉੱਤੇ ਕਿਸੇ ਦੀ ਨਿੱਜੀ ਮਲਕੀਅਤ ਨਹੀਂ ਹੋਵੇਗੀ ਅਤੇ ਇਹ ਕੇਵਲ ਸੰਸਥਾ ਦੇ ਨਾਮ ਹੇਠ ਹੀ ਹੋਵੇਗੀ।

੮. ਜੇ ਕਿਸੇ ਉਚਿਤ, ਅਣ-ਉਚਿਤ ਕਾਰਨਾਂ ਕਰਕੇ ਸੰਸਥਾ ਕੰਮ ਕਰਨਾ ਬੰਦ ਕਰ ਦੇਵੇ ਜਾਂ ਇਸ ਸੰਸਥਾ ਨੂੰ ਸਮੇਟਣ ਦੀ ਲੋੜ ਪਵੇ ਤਾਂ ਇਸ ਸੰਸਥਾ ਦੀ ਹਰ ਪ੍ਰਕਾਰ ਦੀ ਚਲ ਅਤੇ ਅਚਲ ਸੰਪਤੀ ਨੂੰ ਇਸ ਸੰਸਥਾ ਦੇ ਆਸ਼ੇ ਅਤੇ ਉਦੇਸ਼ਾਂ ਨੂੰ ਮੁੱਖ ਰੱਖ ਕੇ ਕੰਮ ਕਰ ਰਹੀ ਕਿਸੇ ਹੋਰ ਅਜਿਹੀ ਹੀ ਸੰਸਥਾ ਵਿੱਚ ਸਮਿਲਤ ਕਰਨਾ ਹੋਵੇਗਾ।

੯. ਸੰਸਥਾ ਆਪਣੀਆਂ ਯੂਨਿਟਾਂ, ਬਰਾਚਾਂ ਜਾਂ ਸਰਕਲ ਆਫਿਸ ਦੇਸ਼ ਵਿੱਚ ਜਾਂ ਵਿਦੇਸ਼ ਵਿੱਚ ਕਿਤੇ ਵੀ ਖੋਲ੍ਹ ਸਕਦੀ ਹੈ ਅਤੇ ਸੰਸਥਾ ਦੇ ਆਸ਼ੇ ਅਤੇ ਉਦੇਸ਼ਾਂ ਦੇ ਪ੍ਰਚਾਰ ਤੇ ਪ੍ਰਸਾਰ ਲਈ ਉੱਥੇ ਯੋਗ ਨਿਸ਼ਕਾਮ ਸੇਵਾਦਾਰ ਜਾਂ ਤਨਖਾਹਦਾਰ

ਕਰਮਚਾਰੀ ਰੱਖ ਸਕਦੀ ਹੈ।

੧੦. ਸੰਸਥਾ ਦੀ ਇੱਕ ਅੰਤ੍ਰਿਗ ਕਮੇਟੀ ਸਥਾਪਿਤ ਕੀਤੀ ਜਾਂਦੀ ਹੈ ਜਿਸਦੇ ਕੁਝ ਮੈਂਬਰ ਨਿਯਤ ਕੀਤੇ ਗਏ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਸੰਸਥਾ ਲਈ ਗੁਰਬਾਣੀ ਪ੍ਰਚਾਰ ਦਾ ਕੰਮ ਕਰਨਗੇ।

੧੧.ਸੰਸਥਾ ਲਈ ਜਨਰਲ ਬਾਡੀ ਮੈਂਬਰ ਦਾ ਵਿਧਾਨ ਵੀ ਰੱਖਿਆ ਗਿਆ ਹੈ। ਉਹ ਗੁਰਮੁੱਖ ਪਿਆਰੇ ਜੋ ਤਨ, ਮਨ ਤੇ ਧਨ ਦੁਆਰਾ ਸਹਿਯੋਗ ਦੇ ਰਹੇ ਹਨ ਜਾਂ ਅੱਗੇ ਲਈ ਦੇਣ ਦਾ ਪ੍ਰਣ ਕਰਦੇ ਹਨ, ਕਿਸੇ ਵੀ ਢੰਗ ਨਾਲ ਸੰਸਥਾ ਵਿੱਚ ਅਤੇ ਸੰਸਥਾ ਲਈ ਦੇਸ਼ ਵਿਦੇਸ਼ ਵਿੱਚ ਬੈਠੇ ਕੰਮ ਕਰ ਰਹੇ ਹਨ, ਜਨਰਲ ਬਾਡੀ ਮੈਂਬਰ ਸਮਝੇ ਜਾਣਗੇ।

੧੨. ਚੇਅਰਮੈਨ ਦੀ ਗੈਰ-ਮੌਜੂਦਗੀ ਵਿੱਚ ਸੰਸਥਾ ਦੇ ਸਮੁੱਚੇ ਪ੍ਰਬੰਧ (ਸਮੇਤ ਪੱਤ੍ਰਿਕਾ ਦੇ) ਦੀ ਸੰਭਾਲ ਉਪ-ਚੇਅਰਮੈਨ ਕਰੇਗਾ।

੧੩. ਚੇਅਰਮੈਨ ਅਤੇ ਉਪ-ਚੇਅਰਮੈਨ ਦੀ ਗੈਰ-ਮੌਜੂਦਗੀ ਵਿੱਚ ਸੰਸਥਾ ਦਾ ਸਮੁੱਚਾ ਪ੍ਰਬੰਧ (ਸਮੇਤ ਪੱਤ੍ਰਿਕਾ ਦੇ), ਦੀ ਸੰਭਾਲ ਜਨਰਲ ਸਕੱਤਰ ਕਰੇਗਾ।

੧੪. ਸੰਸਥਾ ਦੀ ਕਾਰਜਕਰਣੀ ਕਮੇਟੀ ਦੀ ਮੀਟਿੰਗ ਹਰ ਦੋ ਮਹੀਨੇ ਦੇ ਅੰਦਰ ਇੱਕ ਵਾਰੀ ਕਰਨੀ ਲਾਜ਼ਮੀ ਹੋਵੇਗੀ।

੧੫. ਜੇ ਕੋਈ ਮੈਂਬਰ ਲਗਾਤਾਰ ਤਿੰਨ ਮੀਟਿੰਗਾਂ ਵਿੱਚ ਬਿਨਾਂ ਸੂਚਿਤ ਕੀਤੇ ਗੈਰ ਹਾਜ਼ਰ ਰਹਿੰਦਾ ਹੈ ਤਾਂ ਉਸ ਨੂੰ ਸੰਸਥਾ ਦੀ ਮੈਂਬਰਸ਼ਿਪ ਤੋਂ ਖਾਰਜ ਸਮਝਿਆ ਜਾਵੇਗਾ।

## ਸੰਸਥਾ ਦੇ ਆਸ਼ੇ ਅਤੇ ਉਦੇਸ਼

ਸੰਸਥਾ ਨੇ ਗੁਰਬਾਣੀ ਅਤੇ ਗੁਰਮਤਿ ਦੇ ਪ੍ਰਚਾਰ ਲਈ ਹੇਠ ਲਿਖੇ ਆਸ਼ੇ ਅਤੇ ਉਦੇਸ਼ ਨਿਰਧਾਰਤ ਕੀਤੇ ਹਨ :-

੧. '**ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥**' ਹੇਠ ਨਾਮ ਅਭਿਆਸ ਕਮਾਈ ਲਈ ਜ਼ੋਰ ਦੇਣਾ।

੨. ਮਾਇਆ ਦੇ ਪ੍ਰਭਾਵ ਹੇਠ ਜਲ ਰਹੇ ਅਤੇ ਤਪਦੇ ਸੰਸਾਰ ਦੀ ਮਨੁੱਖਤਾ ਦੇ ਮਨਾਂ ਵਿੱਚ ਗੁਰ-ਸ਼ਬਦ ਦੀ ਸੋਝੀ ਦੇ ਕੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ। ਦੇਹ ਧਾਰੀ ਗੁਰੂਆਂ ਦੇ ਜਾਲ ਤੋਂ ਦੂਰ ਰਹਿਣ ਅਤੇ ਸ਼ਬਦ ਸੁਰਤਿ ਦੇ ਸੰਜੋਗ ਲਈ ਸੋਚ ਉਜਾਗਰ ਕਰਨਾ।

੩. ਗੁਰੂ ਵਾਲੇ ਬਣਨ ਲਈ ਖੰਡੇ ਦੀ ਪਹੁਲ ਛੱਕਣ ਵਾਸਤੇ ਪ੍ਰੇਰਿਤ ਕਰਨਾ ਅਤੇ ਗੁਰਮਤਿ ਰਹਿਤ-ਮਰਿਆਦਾ ਦੇ ਅਨੁਸਾਰ ਗੁਰਸਿੱਖੀ ਜੀਵਨ ਜੀਉਣ ਲਈ ਪ੍ਰੇਰਨਾ।

੪. ਗੁਰੂ-ਗ੍ਰੰਥ ਅਤੇ ਗੁਰੂ-ਪੰਥ ਦੇ ਦੋਖੀਆਂ ਦੀਆਂ ਗੁਰਮਤਿ ਵਿਰੋਧੀ ਚਾਲਾਂ ਤੋਂ ਪਾਠਕਾਂ ਨੂੰ ਸੁਚੇਤ ਕਰਾਉਣਾ।

੫. ਸਮਾਜਿਕ ਕੁਰੀਤੀਆਂ ਜਿਵੇਂ ਕਿ ਫਜ਼ੂਲ-ਰਸਮਾਂ, ਵਹਿਮਾਂ-ਭਰਮਾਂ, ਫੋਕੇ ਕਰਮ-ਕਾਡਾਂ ਨੂੰ ਤਿਆਗ ਕੇ ਵਿਗਿਆਨਕ ਸੋਚ ਅਪਨਾਉਣਾ ਪਾਖੰਡ, ਊਚ-ਨੀਚ, ਜਾਤ-ਪਾਤ ਦਾ ਖੰਡਨ ਗੁਰੂ ਗੁਰਬਾਣੀ ਦੇ ਸਿਧਾਂਤ ਅਨੁਸਾਰ ਕਰਨਾ ਅਤੇ ਇੱਕ ਨਰੋਏ ਸਵੱਛ ਸਮਾਜ ਦੀ ਉਸਾਰੀ ਲਈ ਗੁਰਬਾਣੀ ਦੀ ਸੇਧ ਲੈਣ ਲਈ ਯਤਨ ਕਰਨਾ।

੬. ਪੱਤ੍ਰਿਕਾ ਵਿੱਚ ਸਿਹਤ-ਸੰਭਾਲ ਦੇ ਲੇਖਾਂ ਰਾਹੀਂ ਪਾਠਕਾਂ ਨੂੰ ਬੀਮਾਰੀਆਂ ਤੋਂ ਬਚਣ ਅਤੇ ਨਰੋਈ ਸਿਹਤ ਸਿੱਖਿਆ ਨਾਲ ਜਾਗਰੂਕ ਕਰਨਾ।

੭. ਸਰਬ ਮਨੁੱਖਤਾ ਦੀ ਭਲਾਈ ਅਤੇ ਅਧਿਆਤਮਿਕਤਾ ਲਈ ਸੇਵਾ, ਸਿਮਰਨ ਲਈ ਸੰਗਤ ਨੂੰ ਪ੍ਰੇਰਨਾ ਦੇਣ ਅਤੇ ਅਭਿਲਾਸ਼ੀਆਂ ਨੂੰ ਪਰਮਾਰਥ ਰਾਹ ਤੇ ਚਲਣ ਲਈ ਗਾਡੀ ਰਾਹ ਤੋਂ ਜਾਣੂ ਕਰਾਉਂਣਾ।

੮. ਗੁਰਬਾਣੀ ਦੇ ਸ਼ੁੱਧ ਉਚਾਰਣ ਅਤੇ ਅਰਥ ਬੋਧਾਂ ਨੂੰ ਸੰਗਤ ਨੂੰ ਜਾਣੂ ਕਰਾਉਣਾ। ਇਸ ਮੰਤਵ ਲਈ ਪਰਚੇ ਵਿਚਲੇ ਲੇਖਾਂ ਦੇ ਇਲਾਵਾ ਪਾਠ-ਬੋਧ ਸਮਾਗਮ ਕਰਨੇ।

੯. ਗੁਰਬਾਣੀ ਕੀਰਤਨ ਸਿਖਲਾਈ ਕਰਾਉਣੀ।

੧੦. ਪੰਜਾਬੀ ਨਾ ਜਾਨਣ ਵਾਲਿਆਂ ਵਿੱਚ ਪੰਜਾਬੀ ਭਾਸ਼ਾ ਦੀ ਸਿਖਲਾਈ ਲਈ ਉਪਰਾਲੇ ਕਰਨੇ।

੧੧. ਸਰਬ ਮਨੁੱਖਤਾ ਦੀ ਭਲਾਈ ਲਈ ਕਾਰਜ ਕਰਨੇ।

੧੨. ਗਰੀਬ ਅਤੇ ਕਮਜੋਰ ਵਰਗਾਂ, ਖਾਸ ਕਰਕੇ ਸਮਾਜ ਵੱਲੋਂ ਲਤਾੜੇ ਵਰਗਾਂ ਦੀ ਭਲਾਈ ਲਈ ਕਾਰਜ ਕਰਨੇ।

੧੩. ਉਪਰੋਕਤ ਮੰਤਵਾਂ ਦੀ ਪ੍ਰਾਪਤੀ ਲਈ ਸੰਸਥਾ ਵਿੱਚ ਵਿਦਿਆਰਥੀ ਸਿੱਖਿਆ ਕਲਾਸਾਂ ਲਗਾਉਣਾ, ਕੀਰਤਨ ਕਲਾਸਾਂ ਲਾਉਣੀਆਂ, ਲੈਬੋਰਟਰੀ ਅਤੇ ਸਿਹਤ ਸੰਸਥਾਵਾ ਕਾਇਮ ਕਰਕੇ ਯੋਗ ਡਾਕਟਰਾਂ ਦਾ ਪ੍ਰਬੰਧ ਕਰਨਾ ਜਿਵੇਂ ਕਿ ਹੋਮਿਓਪੈਥਿਕ ਡਿਸਪੈਂਸਰੀ ਅਤੇ ਡੈਂਟਲ ਡਿਸਪੈਂਸਰੀ ਆਦਿ।

੧੪. ਆਰਥਿਕ ਤੌਰ ਤੇ ਕਮਜੋਰ ਪਰ ਵਿਦਿਅਕ ਖੇਤਰ ਵਿੱਚ ਅਗਾੜੀ ਵਿਦਿਆਰਥੀਆਂ ਲਈ ਯੋਗ ਵਜੀਫਿਆਂ ਦਾ ਪ੍ਰਬੰਧ ਕਰਨਾ।

੧੫. "**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ** " ਅਤੇ "**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ** " ਦੇ ਗੁਰੂ ਸੰਦੇਸ਼ ਨੂੰ ਸਰਬਤ ਦੀ ਭਲਾਈ ਲਈ ਲੋਕਾਈ ਤਕ ਪਹੁੰਚਾਉਣਾ।

## ਸੰਸਥਾ ਦਾ ਵਿਧਾਨ :

ਸੰਸਥਾ ਦਾ ਵਿਧਾਨ ਬਣਾਉਣ ਦੀ ਜਿਮੇਵਾਰੀ ੨੫-੦੩-੧੯੯੫ ਦੀ ਮੀਟਿੰਗ ਵਿੱਚ, ਡਾ: ਪਰਮਜੀਤ ਸਿੰਘ ਜੀ ਨੂੰ ਸੌਂਪੀ ਗਈ ਸੀ। ਆਪ ਜੀ ਨੇ ਬੜੀ ਲਗਨ ਨਾਲ ਇਹ ਕੰਮ ਸੰਪੂਰਨ ਕੀਤਾ ਅਤੇ ਕਾਰਜਕਾਰਨੀ ਦੀ ਮੀਟਿੰਗ ਵਿੱਚ ਮੈਬਰਾਂ ਨਾਲ ਵਿਚਾਰ ਵਟਾਂਦਰਾ ਕਰਕੇ, ਇਸ ਨੂੰ ਮਨਜ਼ੂਰ ਕਰਵਾ ਕੇ ਲਾਗੂ ਕੀਤਾ।

## ਸੰਸਥਾ ਦਾ ਪ੍ਰਬੰਧਕੀ ਢਾਚਾ :

ਸੰਸਥਾ "ਗੁਰਬਾਣੀ ਇਸ ਜਗ ਮਹਿ ਚਾਨਣੁ" ਮੋਹਾਲੀ, ਪੰਜਾਬ ਅਤੇ ਚੰਡੀਗੜ੍ਹ (ਯੂ.ਟੀ.) ਵਿੱਚ ਸੁਸਾਇਟੀ ਦੇ ਰੂਪ ਵਿੱਚ ਰਜਿਸਟਰਡ ਹੈ। ਇਸ ਦੀ ਕਾਰਜਕਾਰਣੀ ਦੇ ਮੁੱਢਲੇ ਮੈਂਬਰ ਸਰਬ-ਸੰਮਤੀ ਨਾਲ, ਹੇਠ ਲਿਖੇ ਮੁਤਾਬਿਕ, ਚੁਣੇ ਗਏ। :

੧. ਸ. ਸਰਦਾਰਾ ਸਿੰਘ ਜੀ - ਮੁੱਖ ਸੇਵਾਦਾਰ ( ਪ੍ਰਲੋਕ ਸਿਧਾਰ ਗਏ)

੨. ਸ. ਅਤਰ ਸਿੰਘ ਭਾਗਵੰਤ- ਮੀਤ ਪ੍ਰਧਾਨ ( ਪ੍ਰਲੋਕ ਸਿਧਾਰ ਗਏ)

੩. ਡਾ. ਪਰਮਜੀਤ ਸਿੰਘ - ਜਨਰਲ ਸਕੱਤਰ

੪. ਗਿ. ਸਵਿੰਦਰ ਸਿੰਘ -ਪ੍ਰਚਾਰ ਸਕੱਤਰ

੫. ਸ. ਬਲਦੇਵ ਸਿੰਘ ਪੰਛੀ -ਵਿੱਤ ਸਕੱਤਰ

੬. ਸ. ਜਗਦੀਸ਼ ਸਿੰਘ - ਮੈਂਬਰ

੭. ਸ. ਦਵਿੰਦਰ ਸਿੰਘ- (ਪ੍ਰਲੋਕ ਸਿਧਾਰ ਗਏ)

੮. ਗਿ. ਮੋਹਰ ਸਿੰਘ - (ਪ੍ਰਲੋਕ ਸਿਧਾਰ ਗਏ)

੯. ਭਾਈ ਦਲੀਪ ਸਿੰਘ - (ਪ੍ਰਲੋਕ ਸਿਧਾਰ ਗਏ)

੧੦. ਸ. ਤੀਰਥ ਸਿੰਘ- (ਪ੍ਰਲੋਕ ਸਿਧਾਰ ਗਏ)

੧੧. ਡਾ. ਪਿਆਰਾ ਸਿੰਘ (ਪ੍ਰਲੋਕ ਸਿਧਾਰ ਗਏ)

੧੨. ਸ. ਮਲੂਕ ਸਿੰਘ - (ਪ੍ਰਲੋਕ ਸਿਧਾਰ ਗਏ)

੧੩. ਬੀਬੀ ਕੰਵਲਜੀਤ ਕੌਰ -ਮੈਂਬਰ

੧੪. ਸ. ਇਕਬਾਲ ਸਿੰਘ-ਮੈਂਬਰ

੧੫. ਸ. ਦਰਸ਼ਨ ਸਿੰਘ-ਮੈਂਬਰ

੧੬. ਸ. ਜਗਜੀਤ ਸਿੰਘ - ਮੈਂਬਰ

੧੭. ਸ.ਬਲਜੀਤ ਸਿੰਘ- ਮੈਂਬਰ

੧੮. ਸ. ਕੁਲਦੀਪ ਸਿੰਘ- ਮੈਂਬਰ

## ੨. ਮੌਜੂਦਾ ਸਮੇਂ ਹੇਠ ਲਿਖੇ ਮੈਂਬਰ ਸੰਸਥਾ ਦੀ ਕਾਰਜਕਾਰਣੀ ਵਿੱਚ ਸੇਵਾ ਨਿਭਾਅ ਰਹੇ ਹਨ :

੧. ਸ. ਕੁਲਬੀਰ ਸਿੰਘ - ਮੁੱਖ ਸੇਵਾਦਾਰ

੨. ਸ. ਪਰਮਜੀਤ ਸਿੰਘ - ਮੀਤ-ਪ੍ਰਧਾਨ

੩. ਡਾ.ਪਰਮਜੀਤ ਸਿੰਘ - ਜਨਰਲ ਸਕੱਤਰ

੪. ਡਾ. ਗੁਰਬਚਨ ਸਿੰਘ - ਸਹਾਇਕ ਸੰਪਾਦਕ

੫. ਸ.ਬਲਦੇਵ ਸਿੰਘ ਪੰਛੀ- ਵਿੱਤ ਸਕੱਤਰ

੬. ਸ. ਹਰੀ ਸਿੰਘ ਕੁਵੈਤ ਵਾਲੇ- ਸੰਪਾਦਕੀ ਬੋਰਡ ਮੈਂਬਰ

੭. ਸ.ਗੁਲਜ਼ਾਰ ਸਿੰਘ - ਪ੍ਰਚਾਰ ਸਕੱਤਰ

੮. ਸ. ਰਘਬੀਰ ਸਿੰਘ - ਅਕਾਊਂਟਸ- ਆਡਿਟ

੯. ਸ. ਜਗਦੀਸ਼ ਸਿੰਘ - ਮੈਂਬਰ

੧੦ . ਸ.ਸੁਰਜੀਤ ਸਿੰਘ - ਮੈਂਬਰ

੧੧. ਸ.ਸਵਰਨ ਸਿੰਘ - ਮੈਂਬਰ

੧੨. ਸ. ਤੇਜ ਸਿੰਘ - ਮੈਂਬਰ

੧੩. ਗਿ: ਜਸਵੰਤ ਸਿੰਘ - ਮੈਂਬਰ

੧੪. ਸ. ਸੁਖਬੰਸ ਸਿੰਘ - ਮੈਂਬਰ

੧੫. ਸ.ਕਰਨੈਲ ਸਿੰਘ - ਮੈਂਬਰ